**GOVERNMENT MEDICAL COLLEGE & HOSPITAL, CHANDIGARH**
*(Hospital Building), Sector 32-B, Chandigarh-160030 (Ph:0172-2665253-59, Fax: 0172-2608488)*
*(ESTABLISHMENT BRANCH-IV)*

Endst. No.: GMCH/EIV/EA3/2018/51528 Dated, Chandigarh the, 13 DEC 2018

A copy of letter No. KCM18/1139 dated 27.11.2018 received from Dr. Parwinder, S.G.G.S. Khalsa College, Mahipur, Hoshiarpur, is forwarded to the System Analyst, IT Centre, GMCH. He is also requested to e-circulate/email the same to all the HODs/Branch Incharges of GMCH Chandigarh for information and further necessary action.

Superintendent (Estt.-IV)

Phone : 01884-245235
01884-245236, 246235

# S.G.G.S. KHALSA COLLEGE
MAHILPUR, HOSHIARPUR

ESTD. 1946

RE-ACCREDITED WITH 'A' GRADE BY NAAC
www.sggskcm.org • E-mail : sggskcm@live.com

3477
10/12/2018

Ref. No. K.C.M. 18 | 1139 Dated 27/11/18

ਪ੍ਰਿੰਸੀਪਲ,

ਜੀ. ਐਸ. ਸੀ. ਐਂਡ
ਚੰਡੀਗੜ੍ਹ ।

ਸ਼੍ਰੀਮਾਨ ਜੀ/ ਸ਼੍ਰੀਮਤੀ ਜੀ,

ਮੈਨੂੰ ਆਪ ਜੀ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਅਤਿਅੰਤ ਖੁਸ਼ੀ ਅਤੇ ਆਨੰਦ ਮਹਿਸੂਸ ਹੋ ਰਿਹਾ ਹੈ ਕਿ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਦੇ ਵਿਸ਼ੇਸ਼ ਸਹਿਯੋਗ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਵਿਖੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵਲੋਂ **ਸਮਕਾਲੀ ਪੰਜਾਬੀ ਸਾਹਿਤ** ਵਿਸ਼ੇ 'ਤੇ 8-9 ਫਰਵਰੀ, 2019 ਨੂੰ ਦੋ ਰੋਜ਼ਾ ਅੰਤਰ ਰਾਸ਼ਟਰੀ ਕਾਨਫਰੰਸ ਕਰਵਾਈ ਜਾ ਰਹੀ ਹੈ।

ਇਸ ਕਾਨਫ਼ਰੰਸ ਦੇ ਵੱਖ-ਵੱਖ ਸੈਸ਼ਨਾਂ ਦੌਰਾਨ ਵਿਸ਼ਵੀਕਰਨ ਅਤੇ ਕਾਰਪੋਰੇਟ ਸੱਤਾ ਦੇ ਸਮਕਾਲੀ ਦੌਰ ਵਿੱਚ ਪੰਜਾਬੀ ਕਵਿਤਾ, ਕਹਾਣੀ, ਨਾਟਕ ਅਤੇ ਨਾਵਲ ਵਿੱਚ ਉੱਭਰ ਰਹੇ ਨਵੇਂ ਰੁਝਾਨ ਅਤੇ ਇਨ੍ਹਾਂ ਵਿਧਾਵਾਂ ਦੀ ਲੇਖਣ ਕਲਾ ਵਿੱਚ ਆ ਰਹੇ ਨਵੇ ਮੋੜ, ਵਿਦਵਾਨਾਂ, ਚਿੰਤਕਾਂ ਅਤੇ ਵਿਦਿਆਰਥੀਆਂ ਦੀ ਖੋਜ ਚਰਚਾ ਅਤੇ ਸੰਵਾਦ ਦਾ ਆਧਾਰ ਬਣਨਗੇ। ਇਸ ਮੌਕੇ ਵੱਖ-ਵੱਖ ਯੂਨੀਵਰਸਿਟੀਆਂ, ਕਾਲਜਾਂ ਅਤੇ ਦੇਸ਼ਾਂ-ਵਿਦੇਸ਼ਾਂ ਦੇ ਸਾਹਿਤਕਾਰਾਂ, ਵਿਦਵਾਨਾਂ, ਅਧਿਆਪਕਾਂ, ਚਿੰਤਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦੀ ਸ਼ਮੂਲੀਅਤ ਅਤੇ ਉਨ੍ਹਾਂ ਵਲੋਂ ਪੇਸ਼ ਖੋਜ-ਪੱਤਰਾਂ ਨਾਲ ਇਹ ਕਾਨਫ਼ਰੰਸ ਪੰਜਾਬੀ ਸਾਹਿਤ ਦੀ ਸਮਕਾਲੀਨਤਾ ਅਤੇ ਸਮਾਜਿਕ ਭੂਮਿਕਾ ਨੂੰ ਉਜਾਗਰ ਕਰਨ ਦੇ ਸਮਰੱਥ ਸਿੱਧ ਹੋਵੇਗੀ। ਆਪ ਜੀ ਨੂੰ ਆਪਣੇ ਅਧਿਆਪਕਾਂ ਨੂੰ ਆਪਣੇ ਖੋਜ-ਪੱਤਰਾਂ ਸਮੇਤ ਇਸ ਕਾਨਫ਼ਰੰਸ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਅਸੀਂ ਆਪਣੇ ਕਾਲਜ ਵਲੋਂ ਇਸ ਇਤਿਹਾਸਕ ਸਮਾਰੋਹ ਨੂੰ ਸਮਰਪਿਤ ਯਾਦ-ਚਿੰਨ੍ਹ ਵਜੋਂ ਇੱਕ ਉੱਚ-ਪੱਧਰੀ ਰੰਗਦਾਰ ਪੱਤ੍ਰਿਕਾ ਛਪਵਾਉਣ ਦਾ ਮਾਣ ਹਾਸਿਲ ਕਰਨਾ ਚਾਹੁੰਦੇ ਹਾਂ ਜਿਸ ਵਿੱਚ ਰਾਜਨੀਤਿਕ, ਪ੍ਰਸ਼ਾਸਨਿਕ, ਸਮਾਜਿਕ, ਵਿੱਦਿਅਕ ਅਤੇ ਸੱਭਿਆਚਾਰਕ ਖੇਤਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਦੇ ਸੰਦੇਸ਼ ਅਤੇ ਕਾਨਫ਼ਰੰਸ ਵਿੱਚ ਪੇਸ਼ ਕੀਤੇ ਜਾਣ ਵਾਲੇ ਖੋਜ-ਪੱਤਰਾਂ ਦੇ ਐਬਸਟਰੈਕਟ ਸ਼ਾਮਿਲ ਹੋਣਗੇ।

Phone : 01884-245235
01884-245236, 246235

# S.G.G.S. KHALSA COLLEGE

## MAHILPUR, HOSHIARPUR

RE-ACCREDITED WITH 'A' GRADE BY NAAC

www.sggskcm.org • E-mail : sggskcm@live.com

KCM 18/1139 Dated 27-11-18

ਆਪ ਜੀ ਨੂੰ ਨਿਮਨਲਿਖਿਤ ਰੇਟਾਂ 'ਤੇ ਆਪਣੇ ਕਾਲਜ ਦਾ ਇਸ਼ਤਿਹਾਰ ਦੇ ਕੇ ਇਸ ਯਾਦਗਾਰੀ ਪੱਤ੍ਰਿਕਾ ਦਾ ਹਿੱਸਾ ਬਣਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ:

ਪੂਰਾ ਪੰਨਾ (ਰੰਗਦਾਰ) : 10,000/- ਰੁਪਏ

ਅੱਧਾ ਪੰਨਾ (ਰੰਗਦਾਰ) : 5,000/- ਰੁਪਏ

ਯੋਗਦਾਨ / ਸਪਾਂਸਰਸ਼ਿੱਪ ਭੇਜਣ ਲਈ ਵੇਰਵਾ ਇਸ ਪ੍ਰਕਾਰ ਹੈ:

| | |
|---|---|
| Account Name | Principal, SGGS Khalsa College, Mahilpur |
| Bank Name and Address | State Bank of India, Jaijon Road Mahilpur, Hoshiarpur |
| Account Number | 65200599182 |
| IFSC Code | SBIN0050710 |
| MICR Code | 14002656 |
| Branch Code | 50710 |

ਆਪ ਜੀ ਵਲੋਂ ਭੇਜੇ ਗਏ ਯੋਗਦਾਨ/ਸਪਾਂਸਰਸ਼ਿੱਪ ਦੀ ਰਸੀਦ ਦੀ ਕਾਪੀ ਅਤੇ ਇਸ਼ਤਿਹਾਰ ਦੀ ਸਾਫ਼ਟ ਕਾਪੀ ਈ. ਮੇਲ ਸਿਰਨਾਵੇਂ **punjabisggskcm@gmail.com** 'ਤੇ ਮਿਤੀ 24 ਦਿਸੰਬਰ 2018 ਤੱਕ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਆਪ ਜੀ ਦੇ ਸਹਿਯੋਗ ਦੀ ਉਮੀਦ ਰੱਖਦੇ ਹੋਏ,

ਧੰਨਵਾਦ ਸਹਿਤ,

ਆਪ ਜੀ ਦਾ ਸ਼ੁਭਚਿੰਤਕ

ਪ੍ਰਿੰਸੀਪਲ
(ਡਾ. ਪਰਵਿੰਦਰ ਸਿੰਘ)

## ਕਾਲਜ ਬਾਰੇ

ਦਸਮ ਪਿਤਾ, ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ਾਂ ਨੂੰ ਪ੍ਰਣਾਇਆ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਕੰਢੀ ਇਲਾਕੇ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਮਾਣਮੱਤੀ ਵਿੱਦਿਅਕ ਸੰਸਥਾ ਹੈ ਜੋ ਕਿ 1946 ਤੋਂ ਵਿੱਦਿਆ ਅਤੇ ਖੇਡਾਂ ਦੇ ਖੇਤਰ ਵਿਚ ਮਾਨਵ ਸੇਵਾ ਨੂੰ ਸਮਰਪਿਤ ਹੈ। ਇਸ ਕਾਲਜ ਦੀ ਸਥਾਪਨਾ ਸਿੱਖ ਐਜੂਕੇਸ਼ਨਲ ਕੌਂਸਲ ਦੇ ਬਾਨੀ ਪ੍ਰਧਾਨ ਸੰਤ ਹਰੀ ਸਿੰਘ ਕਹਾਰਪੁਰੀ ਜੀ ਦੀ ਦੂਰ ਅੰਦੇਸ਼ੀ ਸੋਚ ਅਤੇ ਪ੍ਰਿੰ. ਹਰਭਜਨ ਸਿੰਘ ਦੀ ਯੋਗ ਅਗਵਾਈ ਸਦਕਾ ਹੋਈ। ਅੱਜ ਇਹ ਕਾਲਜ 28 ਏਕੜ ਹੈਕਟੇਅਰ ਰਕਬੇ ਵਿਚ ਫੈਲਿਆ ਹੋਇਆ ਹੈ ਜਿਸ ਵਿਚ ਸੋਲ੍ਹਾਂ ਪੋਸਟ ਗਰੈਜੂਏਟ ਕੋਰਸ, ਅੱਠ ਅੰਡਰ ਗਰੈਜੂਏਟ ਕੋਰਸ,ਇਕ ਸਰਟੀਫਿਕੇਟ ਕੋਰਸ, ਇਕ ਡਿਪਲੋਮਾ ਕੋਰਸ ਅਤੇ ਇਕ ਪੋਸਟ ਗਰੈਜੂਏਟ ਡਿਪਲੋਮਾ ਕੋਰਸ ਚੱਲ ਰਹੇ ਹਨ।

## ਪੰਜਾਬੀ ਵਿਭਾਗ ਬਾਰੇ

ਕਾਲਜ ਵਿਖੇ ਸਥਾਪਿਤ ਪੰਜਾਬੀ ਵਿਭਾਗ 1946 ਤੋਂ ਹੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਲਗਾਤਾਰ ਸਰਗਰਮ ਹੈ। ਵਿਭਾਗ ਨੂੰ ਮਾਣ ਹੈ ਕਿ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸ. ਗੁਲਜ਼ਾਰ ਸਿੰਘ ਸੰਧੂ ਅਤੇ ਪੰਜਾਬੀ ਦੀ ਪ੍ਰਯੋਗਵਾਦੀ ਕਵਿਤਾ ਦੇ ਬਾਨੀ ਕਵੀ ਸ. ਅਜਾਇਬ ਕਮਲ ਇਸੇ ਕਾਲਜ ਦੇ ਪੁਰਾਣੇ ਵਿਦਿਆਰਥੀ ਰਹੇ ਹਨ। ਲੇਖਕ ਸੁਰਜੀਤ ਹਾਂਸ ਅਤੇ ਮਰਹੂਮ ਸ਼ਾਇਰ ਡਾ. ਜਗਤਾਰ ਵਰਗੇ ਹਸਤਾਖ਼ਰ ਵੀ ਕਾਲਜ ਵਿਖੇ ਅਧਿਆਪਨ ਕਰ ਚੁੱਕੇ ਹਨ। ਇਸ ਵਿਭਾਗ ਵਿਖੇ ਐਮ.ਏ. ਪੰਜਾਬੀ ਦਾ ਕੋਰਸ 1992 ਵਿਚ ਸ਼ੁਰੂ ਹੋਇਆ ਅਤੇ ਅਨੇਕਾਂ ਵਿਦਿਆਰਥੀਆਂ ਨੇ ਇਸ ਖੇਤਰ ਵਿਚ ਯੂਨੀਵਰਸਿਟੀ ਪੱਧਰ ਦੇ ਅਗਲੇਰੇ ਕੋਰਸ ਕਰਕੇ ਦੇਸ਼ਾਂ ਵਿਦੇਸ਼ਾਂ ਵਿਚ ਆਪਣੀ ਪਛਾਣ ਬਣਾਈ ਹੈ। ਅਨੇਕਾਂ ਵਿਦਿਆਰਥੀ ਯੂਜੀਸੀ ਨੈੱਟ ਦੀ ਪਰੀਖਿਆ ਪਾਸ ਕਰਕੇ ਕਾਲਜਾਂ ਵਿਚ ਅਧਿਆਪਨ ਕਰ ਰਹੇ ਹਨ। ਵਿਦਿਆਰਥੀ ਸਾਹਿਤ ਸਭਾ ਵਲੋਂ ਹਰ ਸਾਲ ਤਿੰਨ ਵੱਖੋ ਵੱਖਰੇ ਸਾਹਿਤਕ ਸਮਾਗਮ ਕਰਵਾ ਕੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਹੋਰ ਬਿਹਤਰੀ ਲਈ ਯਤਨ ਕੀਤੇ ਜਾਂਦੇ ਹਨ।

## ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸ ਬਾਰੇ

ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਹੁੰਦਾ ਸਗੋਂ ਸਮਾਜ ਦੇ ਅਨੇਕਾਂ ਸੁਆਲਾਂ ਨੂੰ ਵੀ ਮੁਖ਼ਾਤਿਬ ਹੁੰਦਾ ਹੈ। ਸਾਹਿਤ ਆਪਣੇ ਸਮਕਾਲ ਨੂੰ ਸਪਲੀਮੈਂਟ ਵੀ ਕਰਦਾ ਹੈ ਅਤੇ ਇਸ ਪ੍ਰਤੀ ਤਿੱਖੇ ਪ੍ਰਤੀਕਰਮ ਰੱਖਦਾ ਬਦਲਵੀਂ ਦ੍ਰਿਸ਼ਟੀ ਵੀ ਪ੍ਰਸਤੁਤ ਕਰਦਾ ਹੈ। ਸਮਕਾਲ ਨੂੰ ਪ੍ਰਸਤੁਤ ਕਰਦਿਆਂ ਸਾਹਿਤ ਮਹਿਜ਼ ਵਰਤਮਾਨ ਤੱਕ ਨਹੀਂ ਸਿਮਟਦਾ ਸਗੋਂ ਭੂਤ ਪ੍ਰਤੀ ਸੰਵਾਦੀ ਅਤੇ ਭਵਿੱਖ ਲਈ ਚਾਨਣ ਮੁਨਾਰਾ ਵੀ ਬਣਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਵਲੋਂ ਪੰਜਾਬ ਕਲਾ ਪਰਿਸ਼ਦ,ਚੰਡੀਗੜ੍ਹ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਪਹਿਲੀ ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸ ਦਾ ਮੁੱਖ ਥੀਮ ਸਮਕਾਲੀ ਸਾਹਿਤ ਦੇ ਮੂਲ ਸਰੋਕਾਰਾਂ 'ਤੇ ਕੇਂਦਰਿਤ ਹੈ। ਸਾਹਿਤ ਦੀ ਸਿਰਜਣਕਾਰੀ ਵਿਚ ਸਮਕਾਲ ਕੀ ਭੂਮਿਕਾ ਨਿਭਾਉਂਦਾ ਹੈ ਅਤੇ ਸਮਕਾਲ ਦੇ ਕਿਹੜੇ-ਕਿਹੜੇ ਸਰੋਕਾਰ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਵਿਚ ਉਭਰ ਰਹੇ ਹਨ। ਇਹ ਵਿਸ਼ੇ ਕਾਨਫਰੰਸ ਵਿਚ ਪੇਸ਼ ਖੋਜ ਪੱਤਰਾਂ ਅਤੇ ਵਿਦਵਾਨਾਂ ਦੇ ਸੰਵਾਦ ਵਿਚ ਉਭਰਨਗੇ। ਵਿਸ਼ਵੀਕਰਨ ਅਤੇ ਕਾਰਪੋਰੇਟ ਸੱਤਾ ਦੇ ਇਸ ਦੌਰ ਵਿਚ ਕਵਿਤਾ, ਨਾਵਲ, ਕਹਾਣੀ ਅਤੇ ਨਾਟਕ ਦੀ ਰਚਨਾਤਮਿਕ ਭੂਮਿਕਾ ਨਾਲ ਜੁੜੇ ਮੁੱਦੇ ਅਤੇ ਇਨ੍ਹਾਂ ਵਿਧਾਵਾਂ ਵਿਚ ਵਿਸ਼ੇ, ਕਲਾ ਅਤੇ ਦ੍ਰਿਸ਼ਟੀ ਪੱਖੋਂ ਆ ਰਹੇ ਨਵੇਂ ਬਦਲਾਅ ਵੀ ਇਸ ਸਮਾਗਮ ਦੇ ਵੱਖ-ਵੱਖ ਸੈਸ਼ਨਾਂ ਦੌਰਾਨ ਵਿਦਵਾਨਾਂ, ਚਿੰਤਕਾਂ ਅਤੇ ਵਿਦਿਆਰਥੀਆਂ ਦੇ ਸੰਵਾਦ ਦਾ ਆਧਾਰ ਬਣਨਗੇ। ਵੱਖ-ਵੱਖ ਕਾਲਜਾਂ, ਯੂਨੀਵਰਸਿਟੀਆਂ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਸ਼ਾਮਿਲ ਸਾਹਿਤਕਾਰਾਂ, ਅਧਿਆਪਕਾਂ, ਵਿਦਵਾਨਾਂ, ਖੋਜਾਰਥੀਆਂ, ਚਿੰਤਕਾਂ ਅਤੇ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਇਹ ਕਾਨਫਰੰਸ ਪੰਜਾਬੀ ਸਾਹਿਤ ਦੀ ਸਮਕਾਲੀਨਤਾ ਅਤੇ ਸਮਾਜਿਕ ਭੂਮਿਕਾ ਦੀ ਨਿਸ਼ਾਨਦੇਹੀ ਵਿਚ ਵੱਡੀ ਭੂਮਿਕਾ ਨਿਭਾਉਣ ਦੇ ਸਮਰੱਥ ਸਿੱਧ ਹੋਵੇਗੀ। ਇਹ ਸਾਡਾ ਯਕੀਨ ਹੈ।

## ਕਾਨਫਰੰਸ ਦਾ ਉਦੇਸ਼

ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸ ਦਾ ਮੁੱਖ ਉਦੇਸ਼ ਸਾਹਿਤ ਦੇ ਵੱਖ-ਵੱਖ ਰੂਪਾਂ ਦੀ ਰਚਨਾਸ਼ੀਲਤਾ ਦੇ ਪ੍ਰਸੰਗ ਵਿਚ ਸੰਵਾਦ ਦਾ ਧਰਾਤਲ ਉਸਾਰ ਕੇ ਸਮਕਾਲੀ ਸਮਾਜਿਕ ਸੰਕਟਾਂ ਪ੍ਰਤੀ ਇਕ ਸਮਝ ਉਸਾਰਨਾ ਹੈ। ਇਸਦੇ ਨਾਲ-ਨਾਲ ਸਾਹਿਤ ਦੇ ਪ੍ਰਸੰਗ ਵਿਚ ਵਿਸ਼ਵ ਵਿਚ ਵੱਸਦੇ ਪੰਜਾਬੀ ਭਾਈਚਾਰੇ ਦੀ ਸਥਿਤੀ, ਸੰਭਾਵਨਾ ਅਤੇ ਚੁਣੌਤੀਆਂ ਨੂੰ ਰੂਪਮਾਨ ਕਰਨਾ ਵੀ ਹੈ। ਸਮਕਾਲੀ ਪੰਜਾਬੀ ਸਾਹਿਤ ਦੁਆਰਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਦਰਪੇਸ਼ ਵਰਤਮਾਨ ਚੁਣੌਤੀਆਂ ਵਿਚ ਨਿਭਾਈ ਜਾ ਰਹੀ ਸਾਰਥਿਕ ਭੂਮਿਕਾ ਬਾਰੇ ਵਿਚਾਰ ਕਰਨਾ ਅਤੇ ਸਾਹਿਤਕਾਰ, ਵਿਦਵਾਨਾਂ ਦੀ ਸੰਵਾਦ ਚਰਚਾ ਵਿਚ ਸਮਕਾਲੀ ਸਰੋਕਾਰਾਂ ਬਾਰੇ ਚਿੰਤਨ ਮੰਥਨ ਕਰਨਾ ਵੀ ਇਸ ਕਾਨਫਰੰਸ ਦਾ ਵਿਸ਼ੇਸ਼ ਮੰਤਵ ਹੈ ਇਹ ਕਾਨਫਰੰਸ ਸਾਹਿਤਕਾਰਾਂ, ਆਲੋਚਕਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸੰਵਾਦ ਦਾ ਵੱਡਾ ਧਰਾਤਲ ਉਸਾਰੇਗੀ ਅਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਦੇ ਪ੍ਰਸੰਗ ਵਿਚ ਸਮਕਾਲ ਦੀਆਂ ਚੁਣੌਤੀਆਂ ਦਾ ਭਰਵਾਂ ਮੁਲਾਂਕਣ ਕਰਨਾ ਇਸ ਕਾਨਫਰੰਸ ਦਾ ਮੁੱਖ ਉਦੇਸ਼ ਰਹੇਗਾ। ਇਸ ਕਾਨਫਰੰਸ ਨੂੰ ਵਿਸ਼ਵ ਦੇ ਵੱਖ-ਵੱਖ ਦੇਸ਼ਾਂ ਵਿਚ ਰਚੇ ਜਾ ਰਹੇ ਪੰਜਾਬੀ ਸਾਹਿਤ ਦੀ ਸਿਰਜਣ ਪ੍ਰਕਿਰਿਆ ਨੂੰ ਸਮਝਣ ਲਈ ਗਲੋਬਲੀ ਪੱਧਰ ਦਾ ਮੰਚ ਬਣਾਉਣ ਦਾ ਯਤਨ ਕੀਤਾ ਜਾਵੇਗਾ।

## ਕਾਨਫਰੰਸ ਦਾ ਵਿਸ਼ਾ ਅਤੇ ਉਪ ਵਿਸ਼ੇ

ਵਿਸ਼ਾ : ਸਮਕਾਲੀ ਪੰਜਾਬੀ ਸਾਹਿਤ

ਉੱਪ ਵਿਸ਼ੇ :

- ਸਮਕਾਲੀ ਪੰਜਾਬੀ ਕਵਿਤਾ : ਵਿਭਿੰਨ ਵਿਧਾਵਾਂ ਅਤੇ ਸਰੋਕਾਰ
- ਸਮਕਾਲੀ ਪੰਜਾਬੀ ਕਵਿਤਾ ਦਾ ਵਿਚਾਰਧਾਰਕ ਪਰਿਪੇਖ
- ਪੰਜਾਬੀ ਕਵਿਤਾ : ਕਲਾਤਮਿਕ ਅਤੇ ਦ੍ਰਿਸ਼ਟੀਮੂਲਕ ਸਰੋਕਾਰ
- ਨਾਰੀਵਾਦ, ਪਰਵਾਸੀ ਅਤੇ ਦਲਿਤ ਚਿੰਤਨ ਦੇ ਸੰਦਰਭ ਵਿਚ ਸਮਕਾਲੀ ਕਵਿਤਾ
- ਸਮਕਾਲੀ ਨਾਵਲ, ਸਮਕਾਲੀ ਪੰਜਾਬੀ ਕਹਾਣੀ ਅਤੇ ਪਰਵਾਸੀ ਚੇਤਨਾ
- ਹਾਸ਼ੀਆਗਤ ਸੰਸਾਰ ਅਤੇ ਸਮਕਾਲੀ ਪੰਜਾਬੀ ਗਲਪ
- ਪ੍ਰਗਤੀਵਾਦੀ ਪੰਜਾਬੀ ਗਲਪ ਅਤੇ ਸਮਕਾਲੀ ਸਰੋਕਾਰ
- ਸਮਕਾਲੀ ਪੰਜਾਬੀ ਨਾਵਲ ਅਤੇ ਕਹਾਣੀ ਦਾ ਸ਼ਿਲਪ-ਵਿਧਾਨ
- ਸਮਕਾਲੀ ਨਾਵਲ ਅਤੇ ਨਾਇਕ ਦਾ ਸੰਕਲਪ
- ਪਰਵਾਸੀ ਪੰਜਾਬੀ ਗਲਪ ਦੇ ਬਦਲਦੇ ਪਰਿਪੇਖ
- ਸਮਕਾਲੀ ਪੰਜਾਬੀ ਗਲਪ ਵਿਚ ਨਵ ਯਥਾਰਥ
- ਵਿਸ਼ਵੀਕਰਣ ਅਤੇ ਸਮਕਾਲੀ ਪੰਜਾਬੀ ਗਲਪ
- ਸਮਕਾਲੀ ਗਲਪ : ਦਲਿਤ ਚਿੰਤਨ ਅਤੇ ਕਿਸਾਨੀ ਸੰਕਟ
- ਸਮਕਾਲੀ ਪੰਜਾਬੀ ਨਾਟਕ ਅਤੇ ਰੰਗਮੰਚ : ਸਥਿਤੀ ਅਤੇ ਸੰਭਾਵਨਾਵਾਂ
- ਸਮਕਾਲੀ ਪੰਜਾਬੀ ਨਾਟਕ : ਵਿਭਿੰਨ ਪਰਿਪੇਖ

## ਮਹੱਤਵਪੂਰਨ ਸੂਚਨਾ

| | | |
|---|---|---|
| ਐਬਸਟਰੈਕਟ ਜਮ੍ਹਾਂ ਕਰਵਾਉਣ ਦੀ ਮਿਤੀ | : | **25 ਦਸੰਬਰ 2018** |
| ਐਬਸਟਰੈਕਟ ਸਵੀਕਾਰ ਹੋਣ ਦੀ ਸੂਚਨਾ | : | **31 ਦਸੰਬਰ 2018** |
| ਖੋਜ ਪੱਤਰ ਜਮ੍ਹਾਂ ਕਰਵਾਉਣ ਦੀ ਮਿਤੀ | : | **20 ਜਨਵਰੀ 2019** |
| ਰਜਿਸਟਰੇਸ਼ਨ ਦੀ ਮਿਤੀ | : | **30 ਜਨਵਰੀ 2019** |

ਪੇਪਰ ਫਾਰਮੇਟ : ਸਤਲੁਜ, ਅਨਮੋਲ ਜਾਂ ਅਸੀਸ ਫੌਂਟ, ਫੌਂਟ ਸਾਇਜ਼ 1

ਸ਼ਬਦ ਸੀਮਾ 3000 ਲਗਭਗ, ਸਿੰਗਲ ਕਾਲਮ

ਖੋਜ ਪੱਤਰ ਨਿਰਧਾਰਿਤ ਮਿਤੀਆਂ 'ਤੇ ਹੇਠਾਂ ਲਿਖੀ ਈਮੇਲ 'ਤੇ ਭੇਜਣ ਕ੍ਰਿਪਾਲਤਾ ਕੀਤੀ ਜਾਵੇ:- punjabisggskcm@gmail.com

ਚੁਣੇ ਗਏ ਖੋਜ ਪੱਤਰ ਯੂਜੀਸੀ ਵਲੋਂ ਮਾਨਤਾ ਪ੍ਰਾਪਤ ਰਿਸਰਚ ਜਰਨਲ ਵਿ ਪ੍ਰਕਾਸ਼ਿਤ ਕੀਤੇ ਜਾਣਗੇ।

### ਰਜਿਸਟਰੇਸ਼ਨ ਫੀਸ

| ਰਜਿਸਟਰੇਸ਼ਨ ਫੀਸ | ਭਾਰਤੀ ਡੇਲੀਗੇਟ | ਵਿਦੇਸ਼ੀ ਡੇਲੀਗੇਟ |
|---|---|---|
| - ਖੋਜ ਪੱਤਰ ਪੇਸ਼ ਕਰਤਾ | 2500 ਰੁਪਏ | 100$ |
| - ਡੇਲੀਗੇਟ/ਖੋਜਾਰਥੀ | 1500 ਰੁਪਏ | 70$ |
| - ਵਿਦਿਆਰਥੀ | 1000 ਰੁਪਏ | 60$ |

• ਰਜਿਸਟਰੇਸ਼ਨ ਫੀਸ ਹੇਠ ਲਿਖੇ ਵੇਰਵਿਆਂ 'ਤੇ 10 ਜਨਵਰੀ ਤੱਕ ਭੇਜ ਦਿੱਤੀ ਜਾਵੇ :

| | |
|---|---|
| Account Name | : Principal, SGGS Khalsa College Mahilpu |
| Bank Name and Address: | State Bank of India, Jaijon Road Mahilpur, Hoshiarpur |
| Account Number | : 65200599182 |
| IFSC Code | : SBIN0050710 |
| MICR Code | : 14002656 |
| Branch Code | : 50710 |

ਕਿਰਪਾ ਕਰਕੇ ਆਨ ਲਾਇਨ ਭੇਜੀ ਗਈ ਰਾਸ਼ੀ ਦਾ ਸਬੂਤ ਰਜਿਸਟਰੇਸ਼ਨ ਕਾਊਂਟਰ 'ਤੇ ਦਿਖਾਇਆ ਜਾਵੇ।

## ਕਾਲਜ ਤੱਕ ਪਹੁੰਚ

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਚੰਡੀਗੜ੍ਹ-ਹੁਸ਼ਿਆਰਪੁਰ ਮੁੱਖ ਮਾਰਗ 'ਤੇ ਰਾਜਧਾਨੀ ਦਿੱਲੀ ਤੋਂ 400 ਕਿਲੋਮੀਟਰ, ਚੰਡੀਗੜ੍ਹ ਤੋਂ 116 ਕਿਲੋਮੀਟਰ, ਜਲੰਧਰ ਤੋਂ 70 ਕਿਲੋਮੀਟਰ ਅਤੇ ਹੁਸ਼ਿਆਰਪੁਰ ਤੋਂ 22 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ।

ਹਵਾਈ ਮਾਰਗ :

ਨੇੜਲੇ ਹਵਾਈ ਅੱਡਿਆਂ ਵਿਚ ਇੰਦਰੀ ਗਾਂਧੀ ਅੰਤਰ ਰਾਸ਼ਟਰੀ ਹਵਾਈ ਅੱਡਾ (ਨਵੀ ਦਿੱਲੀ), ਸ੍ਰੀ ਗੁਰੂ ਰਾਮ ਦਾਸ ਜੀ ਹਵਾਈ ਅੱਡਾ (ਅਮ੍ਰਿਤਸਰ) ਅਤੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅੰਤਰ ਰਾਸ਼ਟਰੀ ਹਵਾਈ ਅੱਡਾ (ਚੰਡੀਗੜ੍ਹ) ਵਿਸ਼ੇਸ਼ ਹਨ।

ਰੇਲ ਗੱਡੀ ਮਾਰਗ :

ਅਮ੍ਰਿਤਸਰ ਸ਼ਤਾਬਦੀ ਐਕਸਪ੍ਰੈਸ ਰੇਲ ਰੂਟ ....... ਨਵੀ ਦਿੱਲੀ ਤੋਂ ਜਲੰਧਰ

ਦਿੱਲੀ ਹੁਸ਼ਿਆਰਪੁਰ ਐਕਸਪ੍ਰੈਸ ਰੇਲ ਰੂਟ .... ਨਵੀਂ ਦਿੱਲੀ ਤੋਂ ਹੁਸ਼ਿਆਰਪੁਰ (ਰਾਹੀਂ ਜਲੰਧਰ)

ਰਨ

**ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ,**
ਾਨ, ਸਿੱਖ ਐਜੂਕੇਸ਼ਨਲ ਕੌਂਸਲ, ਮਾਹਿਲਪੁਰ

**. ਪਰਵਿੰਦਰ ਸਿੰਘ,**
ਸੀਪਲ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ

ਟਰ
**.ਬੀ. ਸੇਖੋਂ**, ਸਹਾਇਕ ਪ੍ਰੋਫੈਸਰ

ੀ ਸਕੱਤਰ
**ਾ. ਜਸਵਿੰਦਰ ਸਿੰਘ**, ਐਸੋਸੀਏਟ ਪ੍ਰੋਫੈਸਰ

ਤ ਸਕੱਤਰ (ਪ੍ਰਬੰਧ)
. **ਬਲਵੀਰ ਕੌਰ**, ਸਹਾਇਕ ਪ੍ਰੋਫੈਸਰ
2. **ਪਰਮਵੀਰ ਸਿੰਘ ਸ਼ੇਰਗਿੱਲ**, ਸਹਾਇਕ ਪ੍ਰੋਫੈਸਰ

ਤ ਸਕੱਤਰ (ਪ੍ਰਕਾਸ਼ਨ)
1. **ਡਾ. ਪ੍ਰਭਜੋਤ ਕੌਰ**, ਸਹਾਇਕ ਪ੍ਰੋਫੈਸਰ
2. **ਜਸਦੀਪ ਕੌਰ**, ਸਹਾਇਕ ਪ੍ਰੋਫੈਸਰ

## ਰਜਿਸਟਰੇਸ਼ਨ ਫਾਰਮ

ਮ ..........................................................................
ਦਾ ..........................................................................
ਥਾ / ਵਿਭਾਗ ..........................................................................
ਤਰ ਵਿਹਾਰ ਦਾ ਪਤਾ ..........................................................................
ਜ ........................................ ਦੇਸ਼ ........................................
ਮੇਲ ..........................................................................
ਲੀਫੋਨ ਨੰਬਰ (ਦਫ਼ਤਰ) ........................ (ਰਿਹਾਇਸ਼) ........................
ਬਾਇਲ ਨੰਬਰ ..........................................................................
ਹਿਭਾਗੀ ਦਾ ਵੇਰਵਾ ..........................................................................
ਜ ਪੱਤਰ ਪੇਸ਼ ਕਰਤਾ ☐ ਸਿਰਫ਼ ਸਹਿਭਾਗੀ ☐
ਜ ਪੱਤਰ ਦਾ ਸਿਰਲੇਖ ..........................................................................
ਹਾਇਕ ਵਿਅਕਤੀ ਹੋਣ ਦੀ ਸੂਰਤ ਵਿਚ :
ਵਿਅਕਤੀਆਂ ਦੀ ਗਿਣਤੀ .................. ਲਿੰਗ (ਮਹਿਲਾ/ ਪੁਰਸ਼) ............
ਜਿਸਟਰੇਸ਼ਨ ਫੀਸ ਦਾ ਵੇਰਵਾ :-
ਫੀਸ ਅਦਾਇਗੀ ਦੀ ਵਿਧੀ :- ਡਿਮਾਂਡ ਡਰਾਫ਼ਟ ☐ ਆਨ ਲਾਇਨ ਜਮ੍ਹਾਂ ☐
ਡਿਮਾਂਡ ਡਰਾਫ਼ਟ : ਡੀਡੀ ਨੰਬਰ .......... ਰਾਸ਼ੀ .......... ਮਿਤੀ ............
ਆਨ ਲਾਇਨ ਜਮ੍ਹਾਂ (NEFT/SWIFT/ONLINE TRANSFER) : ਰਸੀਦ ਨੰਬਰ .....
ਰਾਸ਼ੀ ..................... ਮਿਤੀ .....................
ਰਿਹਾਇਸ਼ ਦੀ ਲੋੜ : ਹਾਂ/ਨਹੀਂ

ਹਸਤਾਖ਼ਰ

## ਸਲਾਹਕਾਰ ਕਮੇਟੀ

1. ਡਾ. ਸੁਰਜੀਤ ਪਾਤਰ, ਪਦਮਸ੍ਰੀ, ਪ੍ਰਧਾਨ, ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ
2. ਸ. ਗੁਲਜ਼ਾਰ ਸਿੰਘ ਸੰਧੂ, ਸਾਹਿਤ ਅਕਾਦਮੀ ਐਵਾਰਡ ਜੇਤੂ ਸਾਹਿਤਕਾਰ
3. ਸ. ਸੁਖਿੰਦਰਜੀਤ ਸਿੰਘ ਬਾਠ, (ਸੁੱਖੀ ਬਾਠ) ਯੂ.ਐਸ.ਏ.
4. ਸ. ਗੁਰਭਜਨ ਸਿੰਘ ਗਿੱਲ, ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
5. ਡਾ. ਲਖਵਿੰਦਰ ਸਿੰਘ ਜੌਹਲ, ਜਨਰਲ ਸਕੱਤਰ, ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ
6. ਡਾ. ਸੁਖਦੇਵ ਸਿੰਘ ਸਿਰਸਾ, ਸਾਬਕਾ ਪ੍ਰਧਾਨ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ
7. ਸ੍ਰੀ ਸਤਨਾਮ ਮਾਣਕ, ਪ੍ਰਧਾਨ, ਪੰਜਾਬ ਜਾਗ੍ਰਿਤੀ ਮੰਚ
8. ਸ੍ਰੀ ਦੀਪਕ ਬਾਲੀ, ਜਨਰਲ ਸਕੱਤਰ, ਪੰਜਾਬ ਜਾਗ੍ਰਿਤੀ ਮੰਚ
9. ਸ. ਵਰਿੰਦਰ ਸਿੰਘ ਪਰਹਾਰ, ਯੂ.ਐਸ.ਏ.
10. ਸ. ਗੁਰਭੇਜ ਸਿੰਘ ਗੁਰਾਇਆ ਪ੍ਰਧਾਨ, ਪੰਜਾਬੀ ਅਕਾਦਮੀ, ਦਿੱਲੀ
11. ਡਾ. ਕੁਲਦੀਪ ਸਿੰਘ ਧੀਰ, ਸਾਬਕਾ ਮੁਖੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ
12. ਡਾ. ਜਸਵੀਰ ਕੌਰ, ਸਾਬਕਾ ਮੁਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ
13. ਡਾ. ਮਨਜੀਤ ਕੌਰ ਗਿੱਲ, ਯੂ.ਐਸ.ਏ
14. ਸ. ਹਰਭਜਨ ਸਿੰਘ ਚੇੜਾ, ਕੈਨੇਡਾ
15. ਸ. ਸੁਖਦੇਵ ਸਿੱਧੂ, ਯੂ.ਕੇ.
16. ਪ੍ਰੋ. ਅਜੀਤ ਲੰਗੇਰੀ

## ਸਥਾਨਕ ਸਬ ਕਮੇਟੀ

1. ਸ੍ਰੀ ਮਦਨ ਵੀਰਾ
2. ਸ੍ਰੀ ਅਜਮੇਰ ਸਿੱਧੂ
3. ਪ੍ਰੋ. ਸੰਧੂ ਵਰਿਆਣਵੀ
4. ਡਾ. ਸਰਵਨ ਸਿੰਘ ਪਰਦੇਸੀ
5. ਸ੍ਰੀ ਜਗਦੀਪ ਹੁਸ਼ਿਆਰਪੁਰ
6. ਸ੍ਰੀ ਵਿਜੇ ਬੰਬੇਲੀ
7. ਡਾ. ਜਗਤਾਰ ਸਿੰਘ ਮਿਸਤਰੀ
8. ਸ੍ਰੀ ਬਲਜਿੰਦਰ ਮਾਨ
9. ਸ. ਕੁਲਵਿੰਦਰ ਸਿੰਘ ਜੰਡਾ

ਰਿਹਾਇਸ਼ : ਕਾਨਫਰੰਸ ਵਿਚ ਹਿੱਸਾ ਲੈ ਰਹੇ ਡੈਲੀਗੇਟਾਂ ਲਈ ਮਾਹਿਲਪੁਰ ਦੇ ਨੇੜੇ ਪੈਂਦੇ ਹੋਟਲਾਂ ਅਤੇ ਕਾਲਜ ਦੇ ਹੋਸਟਲ ਵਿਚ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ। ਰਿਹਾਇਸ਼ ਦੇ ਖਰਚ ਦੀ ਅਦਾਇਗੀ ਸਬੰਧਤ ਡੈਲੀਗੇਟ ਨੂੰ ਕਰਨੀ ਹੋਵੇਗੀ। ਚਾਹਵਾਨ ਡੈਲੀਗੇਟ ਇਸ ਸਬੰਧੀ ਮਿਤੀ 30 ਜਨਵਰੀ ਤੱਕ ਕਾਨਫਰੰਸ ਦੇ ਕਨਵੀਨਰ ਨਾਲ ਸੰਪਰਕ ਕਰ ਸਕਦੇ ਹਨ।

ਪੱਤਰ ਵਿਹਾਰ ਲਈ ਪਤਾ

ਕਾਨਫਰੰਸ ਸਬੰਧੀ ਹੋਰ ਜਾਣਕਾਰੀ ਲੈਣ ਅਤੇ ਹਰ ਕਿਸਮ ਦੇ ਪੱਤਰ ਵਿਹਾਰ ਲਈ ਹੇਠ ਦਿੱਤੇ ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ-


ਤਜਿੰਦਰ ਸਿੰਘ (ਸਹਾਇਕ ਪ੍ਰੋਫੈਸਰ)
095920 05698
tajinder1878@gmail.com

ਜੇ ਬੀ ਸੇਖੋਂ (ਸਹਾਇਕ ਪ੍ਰੋਫੈਸਰ)
094175 86028
jbsekhon@gmail.com


# ਦੋ ਰੋਜ਼ਾ ਅੰਤਰ ਰਾਸ਼ਟਰੀ ਪੰਜਾਬੀ ਕਾਨਫਰੰਸ

# ਸਮਕਾਲੀ ਪੰਜਾਬੀ ਸਾਹਿਤ

**8-9 ਫਰਵਰੀ 2019**

S.G.G.S. KHALSA COLLEGE MAHILPUR
ਊਪਰ ਸਚੁ ਆਚਾਰ
ESTD. 1946

ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ

ਵਿਸ਼ੇਸ਼ ਸਹਿਯੋਗ
ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ

ਵਲੋਂ

ਪੋਸਟ ਗਰੈਜੂਏਟ ਪੰਜਾਬੀ ਵਿਭਾਗ

## ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ

ਮਾਹਿਲਪੁਰ-146105 ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ (ਭਾਰਤ)
www.sggskcm.org

